# ਅਣਫਰੋਲੇ ਵਰਕੇ

ਗੁਰਮੇਲ ਸਿੰਘ ਬੌਡੇ

# ਜ਼ਿੰਦਗੀ ਦੇ ਸਮਝੌਤਿਆਂ ਦੀ ਅਵਾਜ਼

ਅਗਸਤ 1993 ਦਾ ਮਹੀਨਾ ਚੱਲ ਰਿਹਾ ਸੀ। ਪਿਛਲੇ ਸਮਿਆਂ ਦੇ ਮਨ-ਮੁਟਾਵ ਦੂਰ ਕਰਕੇ ਵੱਡਾ ਭਰਾ ਸਮਸ਼ੇਰ ਸਿੰਘ ਬਾਪੂ ਜੀ ਦੇ ਘਰ ਆ ਗਿਆ ਸੀ। ਬਾਪੂ ਜੀ ਨਾਲ ਜਾ ਕੇ ਹੀ ਉਹ ਮੇਰੇ ਕਾਲਜ ਦੇ ਮਿੱਤਰ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸਕੱਤਰ ਇਕਬਾਲ ਸਿੰਘ ਐਡਵੋਕੇਟ ਦੇ ਘਰੋਂ ਆਪਣਾ ਸਮਾਨ ਚੁੱਕ ਲਿਆਇਆ ਸੀ। ਇਕਬਾਲ ਸਿੰਘ ਹੀ ਉਸ ਨੂੰ ਦਿੱਲੀ ਤੋਂ ਲੈ ਕੇ ਆਇਆ ਸੀ। ਵੱਡੇ ਭਰਾ ਨਾਲ ਉਸਦਾ ਇਕਲੌਤਾ ਪੁੱਤਰ, ਬੇਟੀ ਤੇ ਦੂਸਰੀ ਪਤਨੀ ਜਿਸ ਨਾਲ ਉਹ ਪਿਛਲੇ ਦੱਸ-ਗਿਆਰਾਂ ਸਾਲਾਂ ਤੋਂ ਪਹਿਲਾਂ ਮਨੀਲਾ (ਫਿਲਪਾਈਨ) ਤੇ ਫਿਰ ਵੈਨਕੂਵਰ ਕੋਲ ਕੈਨੇਡਾ ਰਹਿ ਰਿਹਾ ਸੀ। ਵਿਚਕਾਰਲੇ ਭਰਾ ਗੁਰਦੇਵ ਸਿੰਘ ਦੇ ਸਰਬੰਸੀ ਦਰਸ਼ਨ ਸਿੰਘ ਦੌਧਰ ਜੋ ਕਿ 1924 ਵਿਚ ਚੱਲ ਰਹੀ ਖਾੜਕੂ ਲਹਿਰ ਵਿਚ ਸ਼ਾਮਲ ਹੋ ਗਿਆ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਸਕਾ ਭਰਾ ਦਰਸ਼ਨ ਸਿੰਘ ਦਾ ਸਕਾ ਮਾਸੜ ਸੀ। ਦਰਸ਼ਨ ਸਿੰਘ ਦੀ ਮਾਂ ਜੋ ਮੇਰੇ ਭਾਈ ਗੁਰਦੇਵ ਸਿੰਘ ਦੀ ਸੱਸ ਸੀ। ਉਹ ਦਰਸ਼ਨ ਸਿੰਘ ਤੇ ਉਸ ਦੀ ਭੈਣ ਬੀਬੀ ਨਸੀਬ ਕੌਰ ਨੂੰ ਬਚਪਨ ਵਿਚ ਹੀ ਵਿਛੋੜਾ ਦੇ ਗਈ ਸੀ। ਇਸ ਕਰਕੇ ਭਾਈ ਜਸਵੀਰ ਸਿੰਘ ਖਾਲਸਾ (ਜੋ ਖਾੜਕੂ ਦੌਰ 'ਚ ਅਕਾਲ ਤਖ਼ਤ ਦੇ ਜਥੇਦਾਰ) ਰਹੇ ਸਨ ਉਨ੍ਹਾਂ ਦੀ ਮਾਤਾ ਨੇ ਦਰਸ਼ਨ ਸਿੰਘ ਤੇ ਨਸੀਬ ਕੌਰ ਦਾ ਪਾਲਣ ਪੋਸ਼ਣ ਕੀਤਾ ਸੀ। ਇਸ ਰਿਸ਼ਤੇਦਾਰੀ ਕਰਕੇ 1984 ਤੋਂ 1990 ਤੱਕ ਪੁਲਿਸ ਗੁਰਦੇਵ ਸਿੰਘ ਉਪਰ ਵੀ ਰੇਡਾਂ ਕਰਦੀ ਰਹੀ ਸੀ ਤੇ ਮਾਰਚ 1925 ਵਿਚ ਉਸ ਉਪਰ ਫਰਜ਼ੀ ਕੇਸ ਵੀ ਦਰਜ ਕਰ ਦਿੱਤਾ ਸੀ। ਇਨ੍ਹਾਂ ਕੇਸਾਂ ਦਾ ਫਾਇਦਾ ਸਮਸ਼ੇਰ ਸਿੰਘ ਨੇ ਖੱਟਿਆ। ਉਸ ਨੇ ਮਨੀਲਾ ਤੋਂ ਕੈਨੇਡਾ ਜਾ ਕੇ ਇਨ੍ਹਾਂ ਤੱਥਾਂ ਉਪਰ ਹੀ ਰਿਫਿਊਜੀ ਕੇਸ ਕੀਤਾ ਸੀ ਤੇ ਇਸੇ ਅਧਾਰ 'ਤੇ ਉਹ ਕੈਨੇਡਾ ਵਿਚ ਪੱਕਾ ਹੋਇਆ ਸੀ। 1990 ਵਿਚ ਪਹਿਲੀ ਪਤਨੀ ਦੇ ਬੱਚੇ ਉਸ ਕੋਲ ਕੈਨੇਡਾ ਚਲੇ ਗਏ ਸਨ।


1993 ਵਿਚ ਵੱਡੇ ਭਾਈ ਨੇ ਆਪਣੇ ਇਕਲੌਤੇ ਪੁੱਤਰ ਦਾ ਵਿਆਹ ਕਰਨਾ ਸੀ। ਪਹਿਲਾਂ ਤਾਂ ਪਰਿਵਾਰਕ ਮਨ-ਮੁਟਾਵ ਕਰਕੇ ਉਸ ਦਾ ਪ੍ਰੋਗਰਾਮ ਘਰ ਤੋਂ ਪਾਸੇ ਰਹਿ ਕੇ ਵਿਆਹ ਕਰਨ ਦਾ ਸੀ। ਬਾਪੂ ਜੀ ਵੱਲੋਂ ਆਪਣੇ ਪਲੇਠੇ ਪੋਤਰੇ ਦੇ ਵਿਆਹ ਦੀ ਸਾਰੀ ਜ਼ੁੰਮੇਵਾਰੀ ਚੁੱਕਣ ਕਰਕੇ ਇਹ ਸਾਰਾ ਪਰਿਵਾਰ 25 ਜੁਲਾਈ ਨੂੰ ਘਰ ਆ ਗਿਆ ਸੀ। ਇਕ-ਦੋ ਅਗਸਤ 1993 ਨੂੰ ਮੈਂ ਅਤੇ ਸੱਥ ਵਾਲੇ ਜਾਗਰ ਦਾ ਪੱਪੂ ਅਖਬਾਰਾਂ ਲਈ ਮੈਟਰੀਮੋਨੀਅਲ ਦੇ ਕੇ ਆਏ ਸੀ। ਮੈਟਰੀਮੋਨੀਅਲ ਛਪਣ ਤੋਂ ਬਾਅਦ ਘਰੇ ਮੇਲੇ ਵਰਗਾ ਮਾਹੌਲ ਬਣ ਗਿਆ। ਇਕ ਆਉਂਦਾ-ਇਕ ਜਾਂਦਾ-ਦੂਸਰੇ ਪਾਸੇ ਪੁਰਾਣੇ ਘਰ ਦਾ ਮੂੰਹ ਮੱਥਾ ਸੰਵਾਰਨ ਤੇ ਹੋਰ ਭੰਨ ਤੋੜ ਕਰਨ ਲਈ ਮਿਸਤਰੀ ਜੀਪ ਸਿੰਘ ਲੱਗ ਚੁੱਕਾ ਸੀ। ਕਿਧਰੇ ਰੰਗ ਕਰਨ ਵਾਲੇ ਰੰਗ ਤੇ ਕੂਚੀਆਂ ਲਈ ਫਿਰ ਰਹੇ ਸਨ। ਦੂਸਰੇ ਪਾਸੇ ਸਾਉਣ-ਭਾਦੋਂ ਦੇ ਮਹੀਨੇ ਦੀ ਤਮਾੜ ਵੱਟ ਕੱਢ ਰਹੀ ਸੀ। ਘਰੇ ਚਾਹ ਮੰਗਣ ਵਾਲੇ ਨੂੰ ਚਾਹ ਤੇ ਠੰਡਾ ਪੀਣ ਵਾਲੇ ਨੂੰ ਸ਼ਿਕੰਜਵੀ ਤੇ ਕੋਲਡ ਡਰਿੰਕਸ ਵਰਤਾਏ ਜਾ ਰਹੇ ਸਨ। ਸ਼ਾਮ ਵੇਲੇ ਵੱਡਾ ਭਾਈ ਤੇ ਬਾਪੂ ਜੀ ਹਲਕੇ-ਹਲਕੇ ਪੈਗ ਵੀ ਲਗਾ ਲੈਂਦੇ ਸਨ।

ਬਾਪੂ ਜੀ ਨੇ ਪੋਤਰੇ ਦੇ ਵਿਆਹ ਤੇ ਪਰਿਵਾਰਕ ਪਰੰਪਰਾ ਦੀ ਸ਼ਰਤ ਲਗਾ ਰੱਖੀ ਸੀ ਕਿ ਰਿਸ਼ਤਾ ਸਿਰਫ਼ ਇਕ ਰੁਪਏ ਨਾਲ ਲਿਆ ਜਾਵੇਗਾ। ਇਕ ਦਿਨ ਸੁਨੇਹਾ ਮਿਲਿਆ ਕਿ ਜਥੇਦਾਰ ਤੋਤਾ ਸਿੰਘ ਜੀ ਮੈਟਰੀਮੋਨੀਅਲ ਪੜ੍ਹ ਕੇ ਘਰ ਆ ਰਹੇ ਹਨ। ਵੱਡੇ ਭਾਈ ਸਮਸ਼ੇਰ ਸਿੰਘ ਕੁਝ ਪ੍ਰੇਸ਼ਾਨ ਹੋ ਗਏ ਕਿ ਇਕ ਲੀਡਰ ਨਾਲ ਮੈਂ ਕਿਵੇਂ ਗੱਲਬਾਤ ਕਰਾਂਗਾ। ਬਾਪੂ ਜੀ ਕਹਿਣ ਲੱਗੇ ਜਦੋਂ ਆਪਣੀ ਕੋਈ ਮੰਗ ਹੀ ਨਹੀਂ ਤਾਂ ਫਿਰ ਝਿਜਕ ਕਿਸ ਗੱਲ ਦੀ ਹੈ। ਦਰਅਸਲ ਉਸ ਦੀ ਦੂਸਰੀ ਪਤਨੀ ਜੋ ਕੈਨੇਡਾ ਨਾਲ ਰਹਿ ਰਹੀ ਸੀ ਉਸ ਦੇ ਮਨ ਦੀ ਝਾਕ ਸੀ ਕਿ ਉਹ ਕੈਨੇਡਾ ਤੋਂ ਚਾਰ ਟਿਕਟਾਂ ਤੇ ਹੋਰ ਖਰਚ ਕਰਕੇ ਆਏ ਹਨ। ਕੁਝ ਨਾ ਕੁਝ ਮਿਲਣਾ ਚਾਹੀਦਾ ਹੈ। ਪਰ ਬਾਪੂ ਜੀ ਦੇ ਰੋਹਬ-ਦਾਬੇ ਅੱਗੇ ਉਹਨਾਂ ਦੀ ਕੋਈ ਚੱਲ ਨਹੀਂ ਰਹੀ ਸੀ। ਜਥੇਦਾਰ ਤੋਤਾ ਸਿੰਘ ਜੀ ਨਾਲ ਉਹ ਕੋਈ ਅਜਿਹੀ ਗੱਲ ਵੀ ਨਹੀਂ ਸੀ ਕਰ ਸਕਦੇ। ਕਿਉਂਕਿ ਸੁਰਜੀਤ ਸਿੰਘ ਬਰਨਾਲਾ ਦੇ ਮੁੱਖ ਮੰਤਰੀ ਸਮੇਂ ਉਹ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਸਨ। ਇਲਾਕੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੁਆਉਣ ਵਿਚ ਅਹਿਮ ਭੂਮਿਕਾ ਨਿਭਾਉਣ ਕਰਕੇ ਉਸ ਸਮੇਂ ਉਨ੍ਹਾਂ ਦੀ ਰਾਜਸੀ ਸਖ਼ਸ਼ੀਅਤ ਬੇਦਾਗ਼ ਸੀ। ਇਕ ਕੁਦਰਤੀ ਗੱਲ ਐ ਕਿ ਮਨ ਦੀ ਇਸ ਭੁੱਖ ਕਾਰਨ ਮਨੁੱਖ ਅਜਿਹੀ ਸਖ਼ਸ਼ੀਅਤ ਦਾ ਸਾਹਮਣਾ ਕਰਨ ਤੋਂ ਕੰਨੀ ਕਤਰਾਉਂਦਾ ਹੈ। ਸਵੇਰ ਦਾ ਸੁਨੇਹਾ ਆਇਆ ਹੋਇਆ ਸੀ ਤੇ ਵੱਡੇ ਭਾਈ ਸਾਹਿਬ ਦੀ ਜਥੇਦਾਰ ਦਾ ਸਾਹਮਣਾ ਕਰਨ ਦੀ ਝਿਜਕ ਦੂਰ ਨਹੀਂ ਹੋ ਰਹੀ ਸੀ।

ਉਸ ਸਮੇਂ ਮੈਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਿਲਾਸਪੁਰ ਵਿਖੇ ਸ.ਸ. ਮਾਸਟਰ ਵਜੋਂ ਨਿਯੁਕਤ ਸਾਂ। ਘਰ ਆ ਕੇ ਜਦੋਂ ਮੈਨੂੰ ਇਸ ਸਥਿਤੀ ਦਾ ਪਤਾ ਲੱਗਿਆ ਤਾਂ ਮੈਂ ਕਿਹਾ ਕੋਈ ਗੱਲ ਨਹੀਂ ਬਾਈ ਜੀ ਮੈਂ ਤੇ ਬਾਪੂ ਜੀ ਗੱਲ ਕਰ ਲਵਾਂਗੇ ਕਿਉਂਕਿ ਮੈਂ ਤੇ ਜਥੇਦਾਰ ਤੋਤਾ ਸਿੰਘ ਜੀ ਜਨਵਰੀ 1981 ਵਿਚ ਦਰਬਾਰਾ ਸਿੰਘ ਦੇ ਮੁੱਖ ਮੰਤਰੀ ਦੌਰ ਸਮੇਂ ਇਕੋਦਮ 45% ਬੱਸ ਕਿਰਾਇਆ ਵਧਾਉਣ ਕਰਕੇ ਸਰਕਾਰ ਖਿਲਾਫ ਦਿਖਾਵੇ ਚੱਲ ਰਹੇ ਸਨ। ਕਾਲਜਾਂ ਵਿਚ ਪੰਜਾਬ ਸਟੂਡੈਂਟਸ ਯੂਨੀਅਨ, ਆਲ ਇੰਡੀਆ ਸਟੂਡੈਂਟ ਫੈਡਰੇਸ਼ਨ ਨੌਜਵਾਨ ਭਾਰਤ ਸਭਾ ਅਤੇ ਅਕਾਲੀ ਦਲ ਆਪੋ ਆਪਣਏ ਥਾਂ ਰੋਸ ਜਾਹਰ ਕਰ ਰਹੇ ਸਨ। ਪੁਲਿਸ ਸਾਡੀਆਂ ਗ੍ਰਿਫਤਾਰੀਆਂ ਕਰਕੇ ਕੇਸ ਪਾ ਕੇ ਜੇਲ੍ਹਾਂ ਵਿਚ ਭੇਜ ਰਹੀ ਸੀ। 21 ਜਨਵਰੀ 1981 ਨੂੰ ਮੈਨੂੰ ਸਰੀਰਕ ਪੱਖੋਂ ਅਪਾਹਜ ਹੋਣ ਦੇ ਬਾਵਜੂਦ ਵੀ ਘਰੋਂ ਗ੍ਰਿਫਤਾਰ ਕਰਕੇ ਪਹਿਲਾਂ ਬੱਧਨੀ ਪੁਲਿਸ ਚੌਂਕੀ ਫਿਰ ਤਸ਼ੱਦਦ ਕਰਨ ਲਈ ਥਾਣਾ ਨਿਹਾਲ ਸਿੰਘ ਥਾਣੇ ਲਿਆ ਕੇ ਕੇਸ ਪਾ ਕੇ ਮੋਗਾ ਸਬ ਜੇਲ੍ਹ ਭੇਜ ਦਿੱਤਾ ਗਿਆ। ਜਥੇਦਾਰ ਤੋਤਾ ਸਿੰਘ ਵੀ ਗ੍ਰਿਫਤਾਰ ਹੋ ਚੁੱਕੇ ਸਨ ਅਤੇ ਅਸੀਂ ਸਾਰੇ ਸਰਕਾਰ ਵਿਰੋਧੀ ਰਾਜਸੀ ਧਿਰਾਂ ਜੇਲ੍ਹ ਦੇ ਇਕੋ ਸੈਲ ਵਿਚ ਬੰਦ ਸਾਂ। ਵੱਖ ਵਿਚਾਰਧਾਰਾਵਾਂ ਹੋਣ ਕਰਕੇ ਅਸੀਂ ਸਾਰੇ ਮਿਲ ਕੇ ਜੇਲ੍ਹ ਦਾ ਖਾਣਾ ਖਾਂਦੇ ਅਤੇ ਹਾਸਾ ਮਜ਼ਾਕ ਕਰਦੇ। ਜਥੇਦਾਰ ਸਾਹਿਬ ਤੇ ਕਾਮਰੇਡ ਸੁਰਜੀਤ ਸਿੰਘ ਘੋਲੀਆ ਸਾਡੇ ਨੌਜਵਾਨਾਂ ਵਿਚ ਪ੍ਰੋੜ ਸਖ਼ਸ਼ੀਅਤਾਂ ਸਨ। ਮੈਨੂੰ ਆਪਣੇ ਤੇ ਪੂਰਾ ਭਰੋਸਾ ਸੀ ਕਿ ਮੈਂ ਜਥੇਦਾਰ ਤੋਤਾ ਸਿੰਘ ਨਾਲ ਬੇਝਿਜਕ ਗੱਲ ਕਰ ਸਕਾਂਗਾ।

ਅਗਸਤ ਮਹੀਨੇ ਦੀ ਇਕ ਸ਼ਾਮ ਨੂੰ ਸਾਢੇ ਕੁ ਚਾਰ ਵਜੇ ਜਥੇਦਾਰ ਤੇ ਉਸ ਨਾਲ ਉਸਦਾ ਭਰਾ ਤੇ ਇਕ ਕਾਰ ਡਰਾਈਵਰ ਆਏ। ਬਾਪੂ ਜੀ ਦੇ ਨਾਲ ਮੈਂ ਇਨ੍ਹਾਂ ਦਾ ਸਵਾਗਤ ਕੀਤਾ। ਮੈਨੂੰ ਵੇਖ ਕੇ ਜਥੇਦਾਰ ਤੋਤਾ ਸਿੰਘ ਇਕਦਮ ਪਛਾਣ ਗਏ। ਉਨ੍ਹਾਂ ਦੀ ਯਾਦਦਾਸ਼ਤ ਕਮਾਲ ਦੀ ਹੈ। ਅਸੀਂ ਕੁਝ ਸਮਾਂ ਜਨਵਰੀ 1981 ਵਿਚ ਜੇਲ੍ਹ ਵਿਚ ਇਕੱਠਿਆਂ ਗੁਜਾਰੇ ਸਮੇਂ ਨੂੰ ਯਾਦ ਕੀਤਾ। ਫੇਰ ਮੈਟੀਮੋਨੀਅਲ ਦੇ ਵਿਸ਼ੇ ਤੇ ਗੱਲ ਛਿੜੀ ਤਾਂ ਅਸੀਂ ਦੱਸਿਆ ਕਿ ਸਾਡਾ ਭਰਾ ਤੇ ਉਸ ਦਾ ਬੇਟਾ ਕੈਨੇਡਾ ਦੇ ਪੱਕੇ ਵਸਨੀਕ ਹਨ।

– ਗੁਰਮੇਲ ਸਿੰਘ 'ਬੌਡੇ'
ਸਾਹਿਤਕ ਸਲਾਹਕਾਰ: "ਮਹਿਕ ਵਤਨ ਦੀ"
ਆਨਰੇਰੀ ਸੰਪਾਦਕ: "ਦਸਤਕ" ਕੈਨੇਡਾ
Ph.98143-04213
E-Mail: dhaliwal.gurmelbaude@gmail.com



"ਕੋਈ ਮੰਗ?" ਜਥੇਦਾਰ ਜੀ ਨੇ ਪੁੱਛਿਆ।

"ਜਥੇਦਾਰ ਸਾਹਿਬ ਤੁਸੀਂ ਮੇਰੇ ਵਿਚਾਰਾਂ ਤੋਂ ਤਾਂ ਜੇਲ੍ਹ ਸਮੇਂ ਤੋਂ ਹੀ ਵਾਕਫ ਹੋ। ਇਹ ਵਿਚਾਰਧਾਰਾ ਸਾਨੂੰ ਸਾਡੇ ਬਾਪੂ ਜੀ ਹੋਰਾਂ ਤੋਂ ਮਿਲੀ ਹੈ ਜੋ ਕਿ ਤੇਜਾ ਸਿੰਘ ਸੁਤੰਤਰ, ਕਾਮਰੇਡ ਅਮਰ ਸਿੰਘ ਅਚਰਵਾਲ, ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਹਰਭਜਨ ਹਲਵਾਰਵੀ ਤੇ ਸੰਤ ਰਾਮ ਉਦਾਸੀ ਵਰਗੇ ਲੋਕ ਬਾਪੂ ਜੀ ਦੇ ਕੋਲ ਇਸ ਘਰੇ ਮੀਟਿੰਗਾਂ ਕਰਦੇ ਰਹੇ ਹਨ। ਸਾਡੀ ਸੋਚ ਹੈ ਕਿ ਧੀ ਦਾ ਦਾਨ ਸਭ ਤੋਂ ਉੱਤਮ ਹੈ ਜੀਹਨੇ ਬੇਟੀ ਦੇ ਦਿੱਤੀ ਉਸਨੇ ਪਿੱਛੇ ਕੀ ਰੱਖ ਲਿਆ। ਲੜਕੇ ਵਾਲਾ ਤਾਂ ਧੀ ਦੇ ਬਾਪ ਦੇ ਦਰ ਦਾ ਭਿਖਾਰੀ ਹੁੰਦਾ ਹੈ। ਜੇ ਮਨਜ਼ੂਰ ਹੋਵੇ ਤਾਂ ਸਿਰਫ਼ ਇਕ ਰੁਪਏ ਦੇ ਸ਼ਗਨ ਨਾਲ ਰਿਸ਼ਤਾ ਪ੍ਰਵਾਨ ਹੋਵੇਗਾ ਕਿਉਂਕਿ ਸਾਡੇ ਬਾਪੂ ਜੀ ਨੇ ਸਾਡੇ ਤਿੰਨੇ ਭਰਾਵਾਂ ਦੀਆਂ ਸ਼ਾਦੀਆਂ ਇਸੇ ਧਾਰਨਾ ਅਨੁਸਾਰ ਕੀਤੀਆਂ ਹਨ। ਮੈਂ ਕਿਹਾ।"

"ਜਥੇਦਾਰ ਸਾਹਿਬ ਜੀ ਜੋ ਮੇਰੇ ਬੇਟੇ ਮਾਸਟਰ ਨੇ ਕਿਹਾ ਹੈ ਇਹ ਸਭ ਸਹੀ ਹੈ ਤੁਹਾਡੇ ਮਨ 'ਚ ਜੇ ਕੋਈ ਹੋਰ ਸ਼ੰਕਾ ਹੈ ਤਾਂ ਉਹ ਵੀ ਪੁੱਛ ਸਕਦੇ ਹੋ। ਬਾਪੂ ਜੀ ਨੇ ਕਿਹਾ।"

"ਸਰਦਾਰ ਜੀ ਮੇਰੀ ਬੇਟੀ ਜਾਂ ਮੇਰੇ ਇਸ ਭਰਾ ਦੀ ਬੇਟੀ ਇਕੋ ਗੱਲ ਐ-ਤੁਹਾਡੇ ਵਿਚਾਰ ਬਹੁਤ ਹੀ ਸੁਲਝੇ ਹੋਏ ਹਨ ਅਗਾਂਹ ਸੰਜੋਗਾਂ ਦੇ ਵੱਸ ਹੈ। ਜਥੇਦਾਰ ਜੀ ਨੇ ਕਿਹਾ।"

"ਮਾਸਟਰ ਜੀ ਇਕ ਗੱਲ ਪੁੱਛਣੀ ਹੈ" ਉਸਦੇ ਭਰਾ ਨੇ ਕੁਝ ਝਿਜਕ ਨਾਲ ਕਿਹਾ।

"ਹਾਂ ਹਾਂ ਖੁੱਲ੍ਹ ਕੇ ਗੱਲ ਕਰੋ ਤੁਸੀਂ ਆਪਣੇ ਘਰੇ ਬੈਠੇ ਹੋ ਕੋਈ ਵੀ ਗੱਲ ਦੁਬਿਧਾ ਵਿਚ ਨਹੀਂ ਰਹਿਣੀ ਚਾਹੀਦੀ। ਬਾਪੂ ਜੀ ਨੇ ਕਿਹਾ।"

"ਬਜ਼ੁਰਗੋ ਅਸੀਂ ਸੁਣਿਆ ਹੈ ਕਿ ਤੁਹਾਡੇ ਬੇਟੇ ਦੀਆਂ ਦੋ ਸ਼ਾਦੀਆਂ ਹਨ ਇਹ ਬੱਚਾ ਜਿਸਦਾ ਮੈਟੀਮੋਨੀਅਲ ਛਪਿਆ ਹੈ ਇਹ ਕੈਨੇਡਾ ਵਾਲੀ ਪਤਨੀ ਦਾ ਪੁੱਤਰ ਹੈ ਜਾਂ ਪਹਿਲੀ ਦਾ ਪੁੱਤਰ ਹੈ?" ਜਥੇਦਾਰ ਜੀ ਨੇ ਪੁੱਛਿਆ।

"ਜਥੇਦਾਰ ਸਾਹਿਬ ਇਹ ਬੇਟਾ ਸਮਸ਼ੇਰ ਸਿੰਘ ਦੀ ਪਹਿਲੀ ਘਰਵਾਲੀ ਦਾ ਹੈ ਜੋ ਏਥੇ ਸਾਡੇ ਕੋਲ ਰਹਿੰਦੀ ਹੈ" ਬਾਪੂ ਜੀ ਨੇ ਦੱਸਿਆ।

"ਦਰਅਸਲ ਗੱਲ ਇਹ ਹੈ ਕਿ ਜੀ ਸਾਡੇ ਰਿਸ਼ਤੇਦਾਰਾਂ ਨੇ ਵੀ ਅਤੇ ਪਿੰਡ ਵਿਚ ਇਕ ਘਰ ਨੇ ਸਾਨੂੰ ਕੈਨੇਡਾ ਲਿਜਾਣ ਲਈ ਬਥੇਰੇ ਹਰੇ ਪੱਤੇ ਦਿਖਾਏ। ਫਿਰ ਮੇਰੇ ਲਈ ਕੈਨੇਡਾ ਤੋਂ ਰਿਸ਼ਤਾ ਆ ਰਿਹਾ ਸੀ ਪਰ ਐਕਸੀਡੈਂਟ ਵਿਚ ਮੇਰੀ ਲੱਤ ਕੱਟੀ ਗਈ ਇਸ ਕਾਰਨ ਮੇਰੀਆਂ ਕੈਨੇਡਾ ਜਾਣ ਦੀਆਂ ਸਾਰੀਆਂ ਇਛਾਵਾਂ ਢੇਰੀ ਹੋ ਗਈਆਂ। ਸੋ ਜਿਹੜੇ ਰਿਸ਼ਤੇਦਾਰਾਂ ਨੇ ਜਾਂ ਪਿੰਡ ਵਾਲਿਆਂ ਨੇ ਕੈਨੇਡਾ ਸੱਦਣ ਲਈ ਹਰੇ ਪੱਤੇ ਵਿਖਾਏ ਸਨ ਉਨ੍ਹਾਂ ਨੂੰ ਆਪਣੇ ਬਲਬੂਤੇ ਕੈਨੇਡਾ ਜਾ ਕੇ ਵਿਖਾਉਣ ਲਈ ਇਹਨਾਂ ਦੂਸਰੀ ਸ਼ਾਦੀ ਕੀਤੀ ਜਿਸ ਦੇ ਮਾਂ-ਬਾਪ ਭੈਣ ਭਰਾ ਕੈਨੇਡਾ ਹਨ। ਇਸ ਸ਼ਾਦੀ ਨੂੰ ਤਕਰੀਬਨ ਵੀਹ ਇਕੀ ਸਾਲ ਹੋ ਗਏ ਹਨ। ਦੂਸਰੀ ਪਤਨੀ ਦੇ ਕੋਈ ਬੱਚਾ ਨਹੀਂ ਹੈ। ਤੇ ਮੇਰੇ ਵੱਡੇ ਲੜਕੇ ਨੇ ਆਪਣੇ ਬੱਚਿਆਂ ਦਾ ਬਾਪ ਹੋਣ ਦੀ ਹੈਸੀਅਤ ਵਿਚ ਤੇ ਦੂਸਰੀ ਪਤਨੀ ਨੂੰ ਇਨ੍ਹਾਂ ਦੀ ਮਾਂ ਹੋਣ ਦਾ ਰੁਤਬਾ ਦੇ ਕੇ ਕੈਨੇਡਾ ਸੱਦਿਆ ਹੈ। ਕੈਨੇਡਾ ਜਾਣ ਲਈ ਲੋਕ ਸੌ ਰੱਸੇ ਪੈੜੇ ਵਰਤਦੇ ਹਨ। ਸੋ ਕੈਨੇਡਾ ਸੱਦਣ ਦੇ ਵਾਅਦੇ ਕਰਕੇ ਭਰਮਾਉਣ ਵਾਲਿਆਂ.............. ਰੱਸਾ ਪੈੜਾ ਵਰਤ ਲਿਆ।" ਮੈਂ ਦੱਸਿਆ।

"ਮਾਸਟਰ ਜੀ ਭਾਵੇਂ ਕੁਝ ਵੀ ਹੈ ਪਰਿਵਾਰਕ ਜੀਵਨ ਦਾ ਦੁਫਾੜ ਜਾਂ ਤ੍ਰੇੜ ਤਾਂ ਹੈ ਨਾ" ਜਥੇਦਾਰ ਸਾਹਿਬ ਦੇ ਭਰਾ ਨੇ ਕਿਹਾ।

"ਹਾਂ ਜੀ ਤੁਸੀਂ ਇਸਨੂੰ ਭਾਵੇਂ ਕੁਝ ਵੀ ਕਹਿ ਲਵੋ। ਵੱਡੇ-ਵੱਡੇ ਦਾਰਸ਼ਨਿਕਾਂ ਨੇ ਜ਼ਿੰਦਗੀ ਕੀ ਹੈ? ਦਾ ਜਵਾਬ ਇਹ ਦਿੱਤਾ ਹੈ ਕਿ ਜ਼ਿੰਦਗੀ ਹਲਾਤਾਂ ਜਾਂ ਸਮੇਂ ਨਾਲ ਇਕ ਸਮਝੌਤਾ ਹੈ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ ਉਹ ਜ਼ਿੰਦਗੀ ਜੀਣ ਲਈ ਅਣਗਿਣਤ ਸਮਝੌਤੇ ਕਰਦਾ ਹੈ।" ਮੈ ਕਿਹਾ।

"ਹਾਂ ਮਾਸਟਰ ਜੀ ਤੁਹਾਡੀ ਗੱਲ ਬਿਲਕੁਲ ਠੀਕ ਹੈ ਸਿਆਸੀ ਪੱਖੋਂ ਵੀ ਅਜਿਹਾ ਹੀ ਹੁੰਦਾ ਹੈ। ਜਿਹੜੇ ਵੀਹ ਸਾਲ ਪਹਿਲਾਂ ਨਕਸਲਬਾੜੀਏ ਸਨ ਉਹ ਭਿੰਡਰਾਂਵਾਲੇ ਨਾਲ ਰਲ ਗਏ ਸਨ। ਜਿਹੜੇ ਭਿੰਡਰਾਂਵਾਲੇ ਨਾਲ ਸਨ ਉਹ ਅਕਾਲੀ ਦਲ 'ਚ ਆ ਗਏ।" ਮੈਨੂੰ ਇੰਜ ਲੱਗਾ ਜਿਵੇਂ ਉਹਨਾਂ ਇਹ ਉਦਾਹਰਣ ਦੇ ਕੇ ਮੇਰੇ ਕਮਿਊਨਿਸਟ ਵਿਚਾਰਧਾਰਾ ਦਾ ਸਮਰਥਕ ਹੋਣ ਤੇ ਕਟਾਕਸ਼ ਕੀਤਾ ਹੋਵੇ।

"ਹਾਂ ਜੀ ਤੁਹਾਡੀ ਗੱਲ ਬਿਲਕੁਲ ਠੀਕ ਹੈ। ਜਦੋਂ ਘਰ ਵਿਚ ਹਨ੍ਹੇਰਾ ਹੋਵੇ ਤਾਂ ਬੰਦਾ ਮੋਮਬੱਤੀ ਬਾਲ ਕੇ ਜੇ ਉਹ ਵੀ ਨਾ ਮਿਲੇ ਤਾਂ ਸਰ੍ਹੋਂ ਦਾ ਦੀਵਾ ਬਾਲ ਕੇ ਜੇ ਉਹ ਵੀ ਨਾ ਮਿਲੇ ਤਾਂ ਦੋ-ਤਿੰਨ ਸੈਲਾਂ ਵਾਲੀ ਬੈਟਰੀ ਜਗਾ ਕੇ ਰੋਸ਼ਨੀ ਕਰਦਾ ਹੈ। ਖੈਰ ਹੁਣ ਤਾਂ ਜਨਰੇਟਰ ਆ ਗਏ ਹਨ ਜੇ ਬਿਜਲੀ ਚਲੀ ਜਾਵੇ ਤੇ ਪੱਖੇ ਖੜ੍ਹ ਜਾਣ ਤਾਂ ਉਹ ਇਹ ਵੀ ਚਲਾ ਦਿੰਦੇ ਹਨ। ਦੇਖੋ ਨਾ 1985 ਵਿਚ ਮੈਂ ਬੀ.ਐਡ. ਕੀਤੀ ਹੈ। 1984 'ਚ ਜਦ ਉਪਰੇਸ਼ਨ ਨੀਲਾ ਤਾਰਾ ਹੋਇਆ ਤਾਂ ਮੰਡੀ ਦੇ ਹਿੰਦੂਆਂ ਨੂੰ ਮਾਰਨ ਸਬੰਧੀ ਤਖਤੂਪੁਰੇ ਮੀਟਿੰਗ ਹੋਈ। ਤੁਸੀਂ ਇਸ ਵਿਚ ਸ਼ਾਮਲ ਸੀ। ਫਿਰ ਬਰਨਾਲੇ ਉਪਰ ਦੋਸ਼ ਲਗਾ ਕੇ ਬਾਦਲ ਤੇ ਟੋਹੜੇ ਤੋਂ ਵੱਖ ਹੋ ਗਏ। ਤੁਸੀਂ ਪਹਿਲਾਂ ਭਿੰਡਰਾਂਵਾਲੇ ਦੇ ਪਿਤਾ ਜੋਗਿੰਦਰ ਸਿੰਘ ਦੀਆਂ ਸਟੇਜ਼ਾਂ ਤੋਂ ਵੀ ਬੋਲਦੇ ਰਹੇ ਸੀ। ਫਿਰ ਬਰਨਾਲੇ ਵੱਲ ਆ ਕੇ ਮੰਡੀਕਰਨ ਬੋਰਡ ਦੇ ਚੇਅਰਮੈਨ ਬਣੇ। ਹੁਣ ਤੁਸੀਂ ਉਸੇ ਪ੍ਰਕਾਸ਼ ਸਿੰਘ ਬਾਦਲ ਵੱਲ ਆ ਗਏ ਜਿਸਨੂੰ ਤੁਸੀਂ ਬਾਬਾ ਜੋਗਿੰਦਰ ਸਿੰਘ ਤੇ ਸੁਰਜੀਤ ਸਿੰਘ ਬਰਨਾਲੇ ਦੀਆਂ ਸਟੇਜ਼ਾਂ ਤੇ ਕੋਸਦੇ ਰਹੇ ਸੀ। ਜਦੋਂ ਆਪਾਂ ਮੋਗਾ ਜੇਲ੍ਹ ਵਿਚ ਸਾਂ ਤਾਂ ਉਸ ਸਮੇਂ ਤੁਸੀਂ ਅਕਾਲੀ ਦਲ ਵਿਚ ਸੀ। ਇਹ ਤੁਹਾਡੀ ਸਿਆਸੀ ਜ਼ਿੰਦਗੀ ਹੈ ਜੋ ਵੱਖ-ਵੱਖ ਸਮਝੌਤਿਆਂ ਨਾਲ ਭਰੀ ਹੋਈ ਹੈ।" ਮੈਂ ਕਿਹਾ।

"ਇਹ ਤਾਂ ਠੀਕ ਐ-ਮਾਸਟਰ ਜੀ ਤੁਹਾਡੀ ਪੋਲੀਟੀਕਲੀ ਸਚੋ ਬੜੀ ਸ਼ਾਪ (ਤਿੱਖੀ) ਐ। ਜਥੇਦਾਰ ਦੇ ਭਰਾ ਨੇ ਕਿਹਾ-ਫਿਰ ਉਹਨਾਂ ਕੈਨੇਡਾ ਵਿਚ ਕਾਰੋਬਾਰ ਤੇ ਉਥੋਂ ਦੀ ਜਾਇਦਾਦ ਬਾਰੇ ਪੁੱਛਿਆ। ਚਾਹ ਪਾਣੀ ਪੀ ਕੇ ਜਥੇਦਾਰ ਸਾਹਿਬ ਚਲੇ ਗਏ।

ਦੋ ਕੁ ਦਿਨਾਂ ਬਾਅਦ ਪਿੰਡ ਦੇ ਇਕ ਬੰਦੇ ਰਾਹੀਂ ਜਥੇਦਾਰ ਦਾ ਸੁਨੇਹਾ ਮਿਲਿਆ ਕਿ ਮੁੰਡਾ ਸਾਨੂੰ ਪਸੰਦ ਹੈ। ਬਜ਼ੁਰਗਾਂ ਤੇ ਮਾਸਟਰ ਜੀ ਦੀ ਸੋਚ ਵੀ ਬਹੁਤ ਚੰਗੀ ਹੈ। ਪਰ ਮੁੰਡੇ ਦੇ ਬਾਪ ਦੀ ਜ਼ਿੰਦਗੀ 'ਚ ਤ੍ਰੇੜ ਹੈ। ਉਹ ਦੋ ਪਤਨੀਆਂ ਦੀਆਂ ਇਛਾਵਾਂ ਨਾਲ ਕਿੰਝ ਨਿਭੇਗਾ? ਇਸ ਦਾ ਅਸਰ ਬੱਚਿਆਂ ਤੇ ਪਵੇਗਾ। ਇਸ ਕਰਕੇ ਸਾਡੀ ਮਜਬੂਰੀ ਹੈ। ਅਸੀਂ ਮੁਆਫੀ ਚਾਹੁੰਦੇ ਹਾਂ। ਅਗਲੇ ਹਫ਼ਤੇ ਰਾਜਪ੍ਰੀਤ ਦਾ ਮੋਗੇ ਜ਼ਿਲ੍ਹੇ ਦੇ ਇਕ ਪਿੰਡ ਦੀ ਸਰਪੰਚ ਦੀ ਲੜਕੀ ਨਾਲ ਰਿਸ਼ਤਾ ਪੱਕਾ ਹੋ ਗਿਆ।